ਦੇਸ਼ ਸੇਵਕ ਚੰਡੀਗੜ੍ਹ, ਐਤਵਾਰ 15 ਅਗਸਤ, 1999

ਵਿਚਾਰ-ਚਰਚਾ

ਗੁਰਸ਼ਰਨ ਸਿੰਘ

# ਮਸਲਿਆਂ ਦੇ ਹੱਲ ਲਈ ਯਥਾਰਥਵਾਦੀ ਦੀ ਪਹੁੰਚ

ਅੰਗਰੇਜ਼ੀ ਵਿਚ ਇਕ ਸ਼ਬਦ ਹੈ 'ਪਰੈਗਮੈਟਿਜ਼ਮ'। ਇਸਦਾ ਮਤਲਬ ਹੈ ਕਿ ਕਿਸੇ ਮਾਮਲੇ ਦੇ ਹੱਲ ਲਈ ਨਤੀਜਾ ਕੱਢਣ ਵਾਲੀ ਯਥਾਰਥਵਾਦੀ ਪਹੁੰਚ ਅਪਣਾਉਣੀ। ਪੂੰਜੀਵਾਦੀ ਫਲਸਫ਼ੇ ਦਾ ਸਾਰਾ ਆਧਾਰ ਹੀ ਇਹ ਪਹੁੰਚ ਸਮਝੀ ਜਾਂਦੀ ਹੈ। ਪਰ ਇਸ ਸਾਰੀ ਪਹੁੰਚ ਨੂੰ ਸਿਰਫ਼ ਇਸ ਕਰਕੇ ਹੀ ਰੱਦ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਸਦੇ ਪਿਛੇ ਮੁਨਾਫ਼ੇ ਵਾਲੀ ਸਵਾਰਥੀ ਸੋਚ ਕੰਮ ਕਰ ਰਹੀ ਹੈ, ਸਗੋਂ ਇਸ ਸੰਦਰਭ ਵਿਚ ਮਸਲੇ ਨੂੰ ਹੱਲ ਕਰਨ ਵਾਲੀ ਵਿਗਿਆਨਕ ਸਮਝ ਦੀ ਵੀ ਗੱਲ ਕੀਤੀ ਜਾ ਸਕਦੀ ਹੈ। ਵਿਗਿਆਨਕ ਪਹੁੰਚ ਦੀ ਇਕ ਮਿਸਾਲ ਪਲਾਸਟਿਕ ਲਿਫਾਫਿਆਂ ਦੀ ਵਰਤੋਂ ਹੈ। ਇਹ ਸੱਚ ਹੈ ਕਿ ਇਹਨਾਂ ਲਿਫਾਫਿਆਂ ਦੀ ਵਰਤੋਂ ਨਾਲ ਪ੍ਰਦੂਸ਼ਣ ਵਿਚ ਬਹੁਤ ਵਾਧਾ ਹੋਇਆ ਹੈ। ਇਹ ਲਿਫਾਫੇ ਕਿਉਂਕਿ ਪਾਣੀ ਵਿਚ ਗਲਦੇ ਨਹੀਂ, ਇਸ ਕਰਕੇ ਨਿਕਾਸ ਨਾਲੀਆਂ ਅਤੇ ਨਾਲੇ ਬੰਦ ਹੋ ਜਾਂਦੇ ਹਨ ਅਤੇ ਗੰਦ ਚਿੱਕੜ ਸਾਰੇ ਫੈਲ ਜਾਂਦਾ ਹੈ। ਇਸ ਪ੍ਰਦੂਸ਼ਣ ਦਾ ਇਕ ਹੱਲ ਲੱਭਿਆ ਗਿਆ ਹੈ ਕਿ ਇਹਨਾਂ ਲਿਫਾਫਿਆਂ ਦੀ ਵਰਤੋਂ ਕਾਨੂੰਨਨ ਤੌਰ 'ਤੇ ਬੰਦ ਕੀਤੀ ਗਈ ਹੈ ਪਰ ਇਹ ਵਰਤੋਂ ਬੰਦ ਨਹੀਂ ਹੋਈ ਕਿਉਂਕਿ ਇਹ ਵੀ ਇਕ ਅਸਲੀਅਤ ਹੈ ਕਿ ਇਹ ਲਿਫਾਫੇ ਸਸਤੇ ਵੀ ਹਨ ਅਤੇ ਚੀਜ਼ ਸਾਂਭਣ ਵਾਸਤੇ ਸਹੂਲਤ ਵੀ ਦੇਂਦੇ ਹਨ। ਇਸ ਮਸਲੇ ਨੂੰ ਰਸਾਇਣਕ ਮਾਹਿਰ ਸੰਬੋਧਨ ਹੋਏ। ਉਹਨਾਂ ਨੇ ਇਕ ਕੈਮੀਕਲ ਲੱਭ ਲਿਆ ਹੈ ਕਿ ਇਹ ਲਿਫਾਫੇ ਬਣਾਉਣ ਵਾਲੇ ਪਲਾਸਟਿਕ ਵਿਚ ਥੋੜ੍ਹੀ ਮਾਤਰਾ ਵਿਚ ਇਹ ਕੈਮੀਕਲ ਵਰਤਿਆ ਜਾਵੇ ਤਾਂ ਇਹ ਪਲਾਸਟਿਕ ਇਕ ਖਾਸ ਅਰਸੇ ਬਾਅਦ ਗਲਣਾ ਸ਼ੁਰੂ ਹੋ ਜਾਏਗਾ। ਯਨੀ ਇਕ ਨੁਕਸ ਪਹਿਲੇ ਦੇਖਿਆ ਗਿਆ ਤੇ ਫੇਰ ਉਹਦਾ ਹੱਲ ਲੱਭਿਆ ਗਿਆ। ਇਸ ਨੂੰ ਪਰੈਗਮੈਟਿਕ ਸੋਚ ਆਖਿਆ ਜਾਂਦਾ ਹੈ। ਡਾਕਟਰੀ ਇਲਾਜ ਦਾ ਆਧਾਰ ਵੀ ਇਹ ਸੋਚ ਹੈ ਕਿ ਪਹਿਲੇ ਬਿਮਾਰੀ ਦੀ ਸੂਹ ਲਗਾਈ ਜਾਏ ਤੇ ਫੇਰ ਉਹਨੂੰ ਦੂਰ ਕਰਨ ਲਈ ਦਵਾਈ ਲੱਭੀ ਜਾਏ। ਸਾਡੀਆਂ ਲੋਕ ਦੀਆਂ ਸੜਕਾਂ ਬਹੁਤ ਜਲਦੀ ਖ਼ਰਾਬ ਹੋ ਜਾਂਦੀਆਂ ਹਨ। ਉਹਨਾਂ ਵਿਚ ਟੋਏ ਪੈ ਜਾਂਦੇ ਹਨ। ਬਹੁਤੀ ਵਾਰੀ ਇਹ ਆਖਕੇ ਗੱਲ ਖ਼ਤਮ ਕਰ ਦਿੱਤੀ ਜਾਂਦੀ ਹੈ ਕਿ ਠੇਕੇਦਾਰ ਅਤੇ ਸਰਕਾਰੀ ਅਮਲਾ ਬੜਾ ਬੇਈਮਾਨ ਹੋ ਗਿਆ ਹੈ। ਪਰ ਕਈ ਵਾਰੀ ਕਾਰਨ ਇਹ ਹੁੰਦਾ ਹੈ ਕਿ ਪਾਣੀ ਦੇ ਨਿਕਾਸ ਦਾ ਸਹੀ ਬੰਦੋਬਸਤ ਨਾ ਹੋਣ ਕਰਕੇ ਮੀਂਹ ਦਾ ਪਾਣੀ ਸੜਕ 'ਤੇ ਖਲੋ ਜਾਂਦਾ ਹੈ ਤੇ ਸੜਕ ਟੁੱਟ ਜਾਂਦੀ ਹੈ। ਇਹ ਨਿਕਾਸ ਹੋ ਜਾਏ ਤਾਂ ਘਟੀਆ ਬਣੀ ਹੋਈ ਸੜਕ ਵੀ ਕਾਫ਼ੀ ਦੇਰ ਕੱਢ ਜਾਏਗੀ। ਇੰਗਲੈਂਡ ਵਿਚ ਰਹਿੰਦੇ ਇਕ ਹਿੰਦੋਸਤਾਨੀ ਸੜਕਾਂ ਦੇ ਮਾਹਿਰ ਨੇ ਮੇਰੇ ਨਾਲ ਗੱਲ ਕਰਦਿਆਂ ਦੱਸਿਆ ਕਿ ਇੰਗਲੈਂਡ ਵਿਚ ਬਰਫਾਨੀ ਤੂਫਾਨ ਆਉਂਦੇ ਹਨ, ਫਿਰ ਵੀ ਸੜਕਾਂ ਸਾਂਭੀਆਂ ਜਾਂਦੀਆਂ ਹਨ, ਆਪਣੇ ਦੇਸ਼ ਵਿਚ ਤਾਂ ਇਹੋ ਜਿਹਾ ਕੋਈ ਮਸਲਾ ਨਹੀਂ। ਬੜੀ ਆਸਾਨੀ ਨਾਲ ਪਾਣੀ ਦੇ ਨਿਕਾਸ ਲਈ ਸੜਕਾਂ ਦੇ ਨਾਲ-ਨਾਲ ਨਿਕਾਸ ਨਾਲੀਆਂ ਬਣਾਈਆਂ ਜਾ ਸਕਦੀਆਂ ਹਨ। ਪਾਣੀ ਨਾਲੀ ਰਾਹੀਂ, ਫੇਰ ਨਾਲਿਆਂ ਰਾਹੀਂ, ਖੋਡਾ ਜਾਂ ਦਰਿਆਵਾਂ ਵਿਚ ਸੁੱਟਿਆ ਜਾ ਸਕਦਾ ਹੈ। ਮਸਲੇ ਦੇ ਹੱਲ ਲਈ ਰਾਹ ਲੱਭਿਆ ਜਾਏ। ਐਵੇਂ ਹੱਥ ਖੜ੍ਹੇ ਕਰਕੇ ਟਾਲਿਆ ਨਾ ਜਾਏ। ਇਹੋ ਲੋੜ ਹੈ। ਇਹ ਪਹੁੰਚ ਸਮਾਜਿਕ ਮਸਲਿਆਂ ਨੂੰ ਹੱਲ ਕਰਨ ਲਈ ਵੀ ਅਪਣਾਉਣੀ ਜ਼ਰੂਰੀ ਹੈ। ਦਾਜ ਦਾ ਮਸਲਾ ਇਹੋ ਪਹੁੰਚ ਮੰਗਦਾ ਹੈ। ਦਾਜ ਲੈਣਾ-ਦੇਣਾ ਭਾਵੇਂ ਕਾਨੂੰਨੀ ਤੌਰ 'ਤੇ ਅਪਰਾਧ ਹੈ ਪਰ ਹੱਥ ਖੜ੍ਹੇ ਕੀਤੇ ਜਾਂਦੇ ਹਨ ਕਿ ਕਾਨੂੰਨੀ ਕਾਰਵਾਈ ਕਿਹੜੀ ਏਜੰਸੀ ਰਾਹੀਂ ਕੀਤੀ ਜਾਏ। ਇੱਥੇ ਤਾਂ ਸਾਰੀ ਸਰਕਾਰੀ ਮਸ਼ੀਨਰੀ ਭ੍ਰਿਸ਼ਟ ਹੈ। ਇਹ ਪਹੁੰਚ ਸਾਡੀ ਅੱਧੀ ਆਬਾਦੀ ਲਈ ਅੰਤਾਂ ਦਾ ਹਾਨੀਕਾਰਕ ਅਸਰ ਰੱਖਦੀ ਹੈ ਪਰ ਪਿਛਲੇ 150 ਸਾਲਾਂ ਤੋਂ ਰੌਲਾ ਤਾਂ ਬੜਾ ਪਾਇਆ ਹੈ, ਪਰ ਮਸਲੇ ਦਾ ਹੱਲ ਨਹੀਂ ਲੱਭਿਆ ਕਿਉਂਕਿ ਅਸੀਂ ਪਰੈਗਮੈਟਿਕ ਤੌਰ 'ਤੇ ਅਮਲ ਕਰਨਾ ਸਿੱਖਿਆ ਹੀ ਨਹੀਂ। ਧਾਰਮਕ ਰੀਤੀਆਂ ਵੀ ਇਹ ਪਹੁੰਚ ਅਪਣਾਉਣ ਵਿਚ ਰੁਕਾਵਟ ਹਨ। ਲੋਹ ਟੋਪ ਦੀ ਵਰਤੋਂ ਬਾਰੇ ਵੀ ਇਸ ਤਰ੍ਹਾਂ ਦੀ ਪਹੁੰਚ ਅਪਣਾਈ ਜਾ ਰਹੀ ਹੈ। ਹੁਣ ਗੁਰੂ ਸਾਹਿਬ ਵੇਲੇ ਤਾਂ ਸਕੂਟਰ ਹੁੰਦੇ ਨਹੀਂ ਸਨ ਤੇ ਨਾ ਹੀ ਸਿੱਖ ਬੀਬੀਆਂ ਪਿੱਛੇ ਬੈਠ ਕੇ ਸੜਕਾਂ 'ਤੇ ਆਉਂਦੀਆਂ ਸਨ। ਸਿੱਖ ਬੀਬੀਆਂ ਦੇ ਸਿਰਾਂ ਦਾ ਬਚਾਅ ਓਨਾ ਹੀ ਜ਼ਰੂਰੀ ਹੈ ਜਿੰਨਾ ਹਿੰਦੂ ਬੀਬੀਆਂ ਜਾਂ ਹੋਰ ਧਰਮਾਂ ਦੀਆਂ ਬੀਬੀਆਂ ਦਾ ਜ਼ਰੂਰੀ ਹੈ। ਧਾਰਮਕ ਅੜੀਅਲ ਪਹੁੰਚ ਅਪਣਾਉਣ ਦੀ ਥਾਂ ਕੋਈ ਸਿਆਣਾ ਸਿੱਖ ਇੰਜਨੀਅਰ ਹੀ. ਚੈਲਿੰਜ ਕਬੂਲ ਕਰਦੇ ਹੋਏ ਐਸਾ ਬਚਾਅ ਸਾਧਨ ਡੀਜ਼ਾਈਨੰ ਕਰੇ ਜੋ ਧਰਮ ਨੂੰ ਵੀ ਠੇਸ ਨਾ ਪਹੁੰਚਾਏ ਤੇ ਬਚਾਅ ਵੀ ਕਰੇ। ਇਹ ਪਰੈਗਮੈਟਿਕ ਪਹੁੰਚ ਹੋਵੇਗੀ। ਸਾਡੀ ਕੁੱਲ ਵਸੋਂ ਦੀ 37 ਫੀ ਸਦੀ ਵਸੋਂ ਵਿਹੜਿਆਂ ਤੇ ਠੱਠੀਆਂ ਵਿਚ ਰਹਿੰਦੀ ਹੈ, ਉੱਥੇ ਜੀਣ ਦੀਆਂ ਆਧੁਨਿਕ ਸਹੂਲਤਾਂ ਮੁਹੱਈਆ ਨਹੀਂ। ਜ਼ਮੀਨ ਦੀ ਘਾਟ ਹੈ। ਐਸੇ ਡੀਜ਼ਾਈਨ ਕਿਉਂ ਨਹੀਂ ਲੱਭੇ ਜਾ ਸਕਦੇ ਕਿ ਵਿਹੜੇ ਜਿੰਨੀ ਥਾਂ 'ਤੇ ਕਾਲੋਨੀ ਉਸਾਰੀ ਜਾਏ, ਜੋ ਚੰਗਾ ਜੀਵਨ ਸਾਡੀ ਇਸ ਵਸੋਂ ਲਈ ਮੁਹੱਈਆ ਕਰ ਸਕੇ ? ਇਹ ਮਸਲਾ ਹੈ। ਸਰਕਾਰ ਜਾਂ ਸਿਆਸੀ ਲੋਕ ਇਹਦਾ ਹੱਲ ਤਾਂ ਹੀ ਲੱਭ ਸਕਣਗੇ ਜੇ ਉਹ ਇਸ ਮੁੱਦੇ ਵੱਲ ਨਤੀਜਾ ਕੱਢਣ ਵਾਲੀ ਪਹੁੰਚ ਅਪਣਾਉਣਗੇ। ਪਰਿਵਾਰ ਵੱਡਾ ਹੋ ਗਿਆ ਹੈ। ਸਾਂਝਾ ਚੁੱਲ੍ਹਾ, ਕਲੇਸ਼ ਦਾ ਕਾਰਨ ਹੈ। ਯਥਾਰਥਵਾਦੀ ਪਹੁੰਚ ਇਹ ਹੈ ਕਿ ਵੱਖਰੇ-ਵੱਖਰੇ ਹੋਇਆ ਜਾਏ। ਪਰ ਨਹੀਂ, ਇਹਦੇ ਨਾਲ ਬਜ਼ੁਰਗਾਂ ਦੇ ਜਜ਼ਬਾਤ ਨੂੰ ਠੇਸ ਪੁੱਜਦੀ ਹੈ। ਬਜਾਏ ਇਸਦੇ ਕਿ ਬਜ਼ੁਰਗਾਂ ਨੂੰ ਸਮਝਾਇਆ ਜਾਏ, ਪਰ ਆਗਿਆਕਾਰੀ ਹੋਣ ਦਾ ਪ੍ਰਭਾਵ ਦੇਣ ਲਈ, ਕਲੇਸ਼ ਵਿਚ ਜੀਣਾ ਹੀ ਮਨਜ਼ੂਰ ਹੈ। ਇਹ ਗੈਰ-ਯਥਾਰਥਵਾਦੀ ਪਹੁੰਚ ਹੈ। ਜ਼ਮੀਨ ਉਪਜਾਊ ਨਹੀਂ ਰਹੀ। ਉੱਥੇ ਹੀ ਭੁੱਖੇ ਮਰਨਾ ਮਨਜ਼ੂਰ ਹੈ, ਪਰ ਬਾਪ-ਦਾਦੇ ਦੀ ਥਾਂ ਨੂੰ ਛੱਡਿਆ ਨਹੀਂ ਜਾ ਸਕਦਾ। ਇਹ ਪਰੈਗਮੈਟਿਕ ਸੋਚ ਦੇ ਉਲਟ ਹੈ।

ਇਸੇ ਗੱਲ ਨੂੰ ਅੱਗੇ ਤੋਰਦੇ ਹੋਏ, ਇਹ ਕਹਿ ਸਕਦੇ ਹਾਂ ਕਿ ਅਸੀਂ ਗ਼ਲਤ ਨਿਜ਼ਾਮ ਦੇ ਅੱਗੇ ਹੱਥ ਖੜ੍ਹੇ ਕੀਤੇ ਹੋਏ ਹਨ। ਬਿਮਾਰ ਜਿਹੇ ਸਮਾਜ ਵਿਚ ਜੀਵੀ ਜਾ ਰਹੇ ਹਾਂ ਤੇ ਕਾਰਨ ਜਾਣਦਿਆਂ ਹੋਇਆਂ ਵੀ ਅਸੀਂ ਯਥਾਰਥਵਾਦੀ ਪਰੈਗਮੈਟਿਕ ਸੋਚ ਅਪਣਾਉਣ ਦੀ ਥਾਂ ਹੱਥ ਖੜ੍ਹੇ ਕੀਤੇ ਹੋਏ ਹਨ। ਲੋੜ ਹੈ ਚੰਗੀ ਜ਼ਿੰਦਗੀ ਜੀਣ ਤੇ ਉਪਰਾਲਿਆਂ ਬਾਰੇ ਸੋਚੀਏ ਪ੍ਰੰਪਰਾ ਜਾਂ ਅਤੀਤ ਵਿਚ ਹੀ ਨਾ ਜੀਵੀਏ, ਸਗੋਂ ਵਰਤਮਾਨ ਨੂੰ ਸੰਬੋਧਨ ਹੋਈਏ ਤੇ ਭਵਿੱਖ ਨੂੰ ਰੌਸ਼ਨ ਕਰੀਏ। ਮਸਲਿਆਂ ਵੱਲ ਵਿਗਿਆਨਕ ਯਥਾਰਥਵਾਦੀ ਜਾਂ ਪਰੈਗਮੈਟਿਕ ਸੋਚ ਅਪਣਾਈਏ। ਇਹ ਜ਼ਰੂਰੀ ਹੈ ਤੇ ਇਹੀ ਸਹੀ ਪਹੁੰਚ ਹੈ।